**Article 1**

**Nirol Gurbani Noon Samarpit Sikh Dharm -- Nov 2014**

## ਨਿਰੋਲ ਗੁਰਬਾਣੀ ਨੂੰ ਸਮਰਪਿਤ ਸਿੱਖ ਧਰਮ -- ਨਵੰਬਰ ੨੦੧੪

ਗੁਰਬਾਣੀ ਨਾਮ ਧਰਮ ਦਾ ਉਪਦੇਸ਼ ਦਿੰਦੀ ਹੈ।

*॥ ਸਰਬ ਧਰਮ ਮਹਿ ਸ੍ਰੇਸਟ ਧਰਮੁ ॥ ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਪਨਾ ੨੬੬*

ਸਾਰੇ ਧਰਮਾਂ ਤੋਂ ਸ੍ਰੇਸ਼ਟ ਧਰਮ ਵਾਹਿਗੁਰੂ ਨਾਮ ਦਾ ਜਪੁ-ਸਿਮਰਣ ਆਰਾਧਨਾਂ ਹੈ ਤੇ ਏਹੀ ਸ੍ਰੇਸ਼ਟ ਨਿਰਮਲ ਕਰਮ ਹੈ। ਇਸ ਤਰ੍ਹਾਂ ਨਾਮ ਰੂਪ ਅਕਾਲ ਪੁਰਖ ਦੀ ਆਰਾਧਨਾ ਹੁੰਦੀ ਹੈ, ਮਨ ਨਿਰਮਲ ਹੁੰਦਾ ਹੈ, ਹਉਂ ਦਾ ਭਰਮ ਵੀ ਜਾਂਦਾ ਹੈ ਤੇ ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ। ਗੁਰਬਾਣੀ ਸੱਚੀ ਬਾਣੀ ਹੈ, ਬਾਣੀ ਗੁਰੂ ਹੈ, ਬਾਣੀ ਨਿਰੰਕਾਰ ਹੈ।

॥ਬਾਣੀ ਗੁਰੂ ਗੁਰੂ ਹੈ ਬਾਣੀ ---॥ ਪੰਨਾ ੯੮੨ ॥

॥ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡ ਅਵਰ ਨ ਕੋਇ ॥ਪਨਾ ੫੧੫ ॥

ਗੁਰਬਾਣੀ ਪੂਰੇ ਸਤਿਗੁਰੂ ਤੇ ਨਾਮ ਰੂਪ ਅਕਾਲ ਪੁਰਖ ਦੀ ਆਰਾਧਨਾ ਦਾ ਉਪਦੇਸ਼ ਦਿੰਦੀ ਹੈ। ਜਪ-ਸਿਮਰਣ-ਆਰਾਧਨਾ ਲਈ ਗੁਰਸਬਦ-ਗੁਰਮੰਤ੍ਰ ਨਾਮ, ਅੱਖਰ ਵਾਹਿਗੁਰੂ ਹੈ।

ਗੁਰਬਾਣੀ ਉਪਦੇਸ਼ ਇਹ ਵੀ ਹੈ ਕਿ ਗੁਰਸਿੱਖ ਪੂਰੇ ਸਤਿਗੁਰੂ ਤੇ ਨਾਮ ਰੂਪ ਅਕਾਲ ਪੁਰਖ ਤੋਂ ਇਲਾਵਾ ਹੋਰ ਕਿਸੇ ਦੇਵੀ ਦੇਵਤਾ ਆਦਿ ਦੀ ਪੂਜਾ-ਆਰਾਧਨਾ ਨਾ ਕਰੇ ਤੇ ਬੇਦ ਮਤਿ ਦੀ ਕੱਚੀ ਬਾਣੀ ਨਾ ਪੜ੍ਹੇ।

ਪੂਰੇ ਸਤਿਗੁਰੂ ਤੋਂ ਉਪਦੇਸ਼ ਲੈ ਕੇ ਨਾਮ ਰੂਪ ਅਕਾਲ ਪੁਰਖ ਦਾ ਜਪੁ-ਸਿਮਰਣ-ਆਰਾਧਨਾ ਕਰਨ ਵਾਲੇ ਗੁਰਮੁਖ ਦੇ ਨਾਲ, ਨਾਮ-ਹੁਕਮ ਜਾਂਦਾ ਹੈ। ਨਾਮ ਦੀ ਬਖਸ਼ੀਸ ਨਾਲ ਪਾਪ ਕੱਟੇ ਜਾਂਦੇ ਹਨ, ਜਨਮ ਮਰਨ ਦਾ ਗੇੜ ਮੁੱਕ ਜਾਂਦਾ ਹੈ, ਸਦਾ ਲਈ ਸਹਜ ਅਨੰਦ ਦੀ ਪ੍ਰਾਪਤੀ ਹੁੰਦੀ ਹੈ।

ਬੇਦ ਬਾਣੀ ਕੱਚੀ ਬਾਣੀ ਹੈ ਤੇ ਕਾਲ ਮਹਾਕਾਲ ਬ੍ਰਹਮਾਂ ਵਿਸ਼ਨੂ ਮਹੇਸ਼ ਆਦਿ ਦੇਵੀ ਦੇਵਤਿਆਂ ਦੀ ਆਰਾਧਨਾ ਦਾ ਉਪਦੇਸ਼ ਦਿੰਦੀ ਹੈ। ਇਹ ਸਭ ਦੂਜੇ ਹਨ। ਦੇਵੀ ਦੇਵਤਿਆਂ ਦੀ ਆਰਾਧਨਾ ਕਰਨ ਨਾਲ ਪਾਪ ਪੁੰਨ ਕਰਮਾਂ ਦਾ ਲੇਖਾ ਧਰਮ ਰਾਜ ਨੂੰ ਦੇਣਾ ਪੈਂਦਾ ਹੈ, ਜੀਵ ਨੂੰ ਜਮ ਕਾਲ ਲੈਣ ਆਉਂਦਾ ਹੈ ਤੇ ਜਨਮ ਮਰਨ ਦਾ ਗੇੜ ਬਣਿਆ ਰਹਿੰਦਾ ਹੈ। ।ਗੁਰਬਾਣੀ ਬੇਦ ਬਾਣੀ ਤੇ ਦੇਵੀ ਦੇਵਤਿਆਂ ਦੀ ਆਰਾਧਨਾ ਤੋਂ ਗੁਰਸਿੱਖਾਂ ਨੂੰ ਵਰਜਦੀ ਹੈ।

## ਅਖੌਤੀ ਦਸਮ ਗ੍ਰੰਥ

ਇਸ ਸਮੇਂ ਇਤਿਹਾਸਕ ਕਾਰਣਾ ਕਰ ਕੇ ਤੇ ਬਿਨਾਂ ਪੜਚੋਲ ਕੀਤੇ ਸਭ ਸਿੱਖ ਇਦਾਰੇ, ਅਕਾਲ ਤਖ਼ਤ, ਸੰਤ ਸਮਾਜ ਤੇ ਸੰਪਰਦਾਵਾਂ 'ਅਖੌਤੀ **ਦਸਮ ਗ੍ਰੰਥ ਨੂੰ ਭੁਲੇਖੇ ਨਾਲ' ਗੁਰੂ ਗੋਬਿੰਦ ਸਿੰਘ ਜੀ** ਦੀ ਬਾਣੀ ਮੰਨਦੇ ਹਨ। ਅਸਲ ਵਿਚ ਦਸਮ ਗ੍ਰੰਥ ਦੀਆਂ ਰਚਨਾਵਾਂ ਬੇਦ ਮਤਿ ਦੇ ਧਰਮ ਗ੍ਰੰਥਾਂ ਦਾ ਅਨੁਵਾਦ ਹਨ ਜਾਂ ਬੇਦ ਮੱਤ ਦੇ ਵਿਸ਼ਵਾਸ ਅਨੁਸਾਰ ਹਨ।ਹਿੰਦੂ ਸਮਾਜ ਨੇ ਕੂਟ ਨੀਤੀ ਨਾਲ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਪਾ: ੧੦ ਦੀ ਉਚਾਰੀ ਬਾਣੀ ਦੇ ਰੂਪ ਵਿੱਚ ਪੇਸ਼ ਕੀਤਾ ਹੈ। ਅਖੌਤੀ ਦਸਮ ਗ੍ਰੰਥ ਦੀਆਂ ਰਚਨਾਵਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇਵੀ ਦੇਵਤਿਆਂ ਦੀ ਉਸਤਤਿ ਤੇ ਆਰਾਧਨਾ ਕਰਦੇ ਸਨ। ਅਖੌਤੀ ਦਸਮ ਗ੍ਰੰਥ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕਸਵੱਟੀ ਤੇ ਲਾਇਆਂ ਪਤਾ ਲਗਦਾ ਹੈ ਕਿ ਇਹ ਰਚਨਾਵਾਂ ਗੁਰੂ ਗੋਬਿੰਦ ਸਿੰਘ ਜੀ ਦੀ ਕ੍ਰਿਤ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ, ਗੁਰੂ ਗ੍ਰੰਥ ਸਾਹਿਬ ਜੀ ਨੂੰ ਸੌਂਪੀ ਤੇ ਸੱਚੀ ਗੁਰਬਾਣੀ ਨੂੰ ਮੱਥਾ ਟੇਕਿਆ।ਗੁਰੂ ਗੋਬਿੰਦ ਸਿੰਘ ਜੀ ਗੁਰਬਾਣੀ ਦੇ ਹੁਕਮਾਂ ਵਿਰੁੱਧ ਦੇਵੀ ਦੇਵਤਿਆਂ ਦੀ ਉਸਤਤਿ-ਆਰਾਧਨਾ ਨਹੀਂ ਕਰ ਸਕਦੇ।

ਗੁਰੂ ਗੋਬਿੰਦ ਸਿੰਘ ਜੀ ਦੇ ਨਾਮ ਹੇਠ, ਦਸਮ ਗ੍ਰੰਥ ਦੀਆਂ ਰਚਨਾਂਵਾਂ ਬੇਦ ਮਤਿ ਨੂੰ ਮੰਨਣ ਵਾਲੇ ਸਿੱਖ ਧਰਮ ਵਿਰੋਧੀ ਲਿਖਾਰੀਆਂ ਨੇ ਮਾਇਆ ਦੇ ਲਾਲਚ ਜਾਂ ਹੋਰ ਕਿਸੇ ਦਬਾਓ ਵਿਚ ਲਿਖੀਆਂ।ਏਹਨਾਂ ਰਚਨਾਵਾਂ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ ਦੇਵੀ ਭਗਉਤੀ ਤੇ ਕਾਲ ਮਹਾਕਾਲ ਦੁਰਗਾ ਆਦਿ ਨੂੰ ਇਸ਼ਟ ਮੰਨ ਕੇ ਉਹਨਾਂ ਦੀ ਆਰਾਧਨਾ-ਭਗਤੀ ਕਰਦੇ ਸਨ। ਏਹ ਗੁਰੂ ਗੋਬਿੰਦ ਸਿੰਘ ਦੀ ਸ਼ਖ਼ਸੀਅਤ ਦਾ ਘੋਰ ਅਪਮਾਨ ਹੈ ਤੇ ਅਪਰਾਧ ਹੈ।ਗੁਰੂ ਗੋਬਿੰਦ ਸਿੰਘ ਜੀ ਸੱਚੀ ਗੁਰਬਾਣੀ ਉਪਦੇਸ਼ਾਂ ਵਿਰੁਧ ਕੋਈ ਕੰਮ ਨਹੀਂ ਕਰਦੇ ਸਨ।

ਇਸ ਸਮੇਂ ਅਖੌਤੀ ਦਸਮ ਗ੍ਰੰਥ ਦੀ ਅਸਲੀਅਤ ਨੂੰ ਸਮਝਣ ਵਾਲੇ ਗੁਰਸਿੱਖਾਂ ਦਾ ਤੇ ਪਰਚਾਰਕਾਂ ਦਾ ਕੰਮ ਸਿੱਖ ਜਗਤ ਨੂੰ ਸਚਾਈ ਦੀ ਜਾਣਕਾਰੀ ਦੇਣਾ ਹੈ।ਪ੍ਰੋਫੈਸਰ ਦਰਸ਼ਨ ਸਿੰਘ ਜੀ ਅਖੌਤੀ ਦਸਮ ਗ੍ਰੰਥ ਦੀ ਸਹੀ ਜਾਣਕਾਰੀ, ਵਿਰੋਧੀਆਂ ਦੀਆਂ ਧਮਕੀਆਂ ਦੇ ਬਾਵਜੂਦ ਦੇ ਰਹੇ ਹਨ ਤੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੀ ਸੇਵਾ ਬਿਖ਼ੂਬੀ ਨਿਭਾ ਰਹੇ ਹਨ ਤੇ ਕਹਿੰਦੇ ਹਨ ਇਸ ਕਾਰਜ ਵਿਚ ਸਫਲਤਾ ਮਿਲ ਰਹੀ ਹੈ। ਅਸੀਂ ਉਹਨਾਂ ਦੇ ਰਿਣੀ ਹਾਂ।ਪ੍ਰੋਫੈਸਰ ਸਾਹਿਬ ਅਨੁਸਾਰ ਸਿੱਖ ਜਗਤ ਨੂੰ ਨਿਰੋਲ ਗੁਰਬਾਣੀ ਉਪਦੇਸ਼ਾਂ ਅਨੁਸਾਰ ਨਾਮ ਰੂਪ ਅਕਾਲ ਪੁਰਖ ਦੀ ਭਗਤੀ-ਸਿਮਰਣ-ਆਰਾਧਨਾ ਵਿੱਚ ਜੋੜਨ ਤੇ ਸਿੱਖੀ ਦੀ ਵੱਖਰੀ ਪਛਾਣ ਕਾਇਮ ਰੱਖਣ ਲਈ ਬਹੁਤ ਸਮਾਂ ਲੱਗੇਗਾ।

ਦੂਜੇ ਪਾਸੇ ਸਾਡੇ ਵਿਰੋਧੀ ਬ੍ਰਾਹਮਣੀ-ਹਿੰਦੂ ਮੱਤ ਦੀਆਂ ਸੰਸਥਾਂਵਾਂ ਪੂਰਾ ਜ਼ੋਰ ਲਗਾ ਰਹੀਆਂ ਹਨ ਕਿ ਅਖੌਤੀ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਮੰਨਿਆ ਜਾਵੇ ਤੇ ਸਿੱਖ ਧਰਮ ਨੂੰ ਸਨਾਤਨ ਧਰਮ ਨਾਲ ਜੋੜ ਕੇ ਸਨਾਤਨੀ ਸਿੱਖ ਬਣਾਇਆ ਜਾਵੇ।ਇਹ ਕਹਿੰਦੇ ਹਨ ਕਿ ਸਨਾਤਨੀ ਸਿੱਖ ਤੇ ਗੁਰਸਿੱਖ ਇੱਕ ਹੀ ਹਨ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਸਿੱਖੀ ਦਾ ਵੱਖਰਾ ਵਜੂਦ ਖ਼ਤਮ ਹੋ ਜਾਏਗਾ ਤੇ ਸਿੱਖ ਹਿੰਦੂ ਮੱਤ ਵਿਚ ਰਲ ਜਾਣਗੇ।

**ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਮੰਨਣ ਵਾਲੇ ਗੁਰਸਿੱਖਾਂ ਲਈ ਕੁਝ ਅਹਮ ਕਰਨ ਯੋਗ ਕੰਮ ਅਸੀਂ ਹੇਠਾਂ ਲਿਖੇ ਹਨ।**

**ਅਖੌਤੀ ਦਸਮ ਗ੍ਰੰਥ ਤੋਂ ਇਲਾਵਾ ਹੋਰ ਬਹੁਤ ਪੁਸਤਕਾਂ ਰਹਿਤਨਾਮੇ ਆਦਿ ਪਾ: ੧੦ ਦੇ ਜੋਤੀ ਜੋਤਿ ਸਮਾਉਣ ਤੋਂ ਬਹੁਤ ਚਿਰ ਬਾਅਦ ਲਿਖੇ ਗਏ।**

ਸਰਬ ਲੋਹ ਗ੍ਰੰਥ ਸ੍ਰੀ ਮੁਖ ਵਾਕ ਪਾ:੧੦, ਅਨੇਕਾਂ ਰਹਿਤਨਾਮੇ, ਪੁਰਾਤਨ ਜਨਮ ਸਾਖੀਆਂ, ਗੁਰਬਿਲਾਸ ਪਾ :੧੦, ਭਾਈ ਸੁਖਾ ਸਿੰਘ ਸੰਨ ੧੭੭੭, ਸੂਰਜ ਪ੍ਰਕਾਸ਼: ਕਵੀ ਸੰਤੋਖ ਸਿੰਘ, ਸੰਨ ੧੮੪੩ ਵਰਗੀਆਂ ਅਨੇਕਾਂ ਪੁਸਤਕਾਂ ਗੁਰੂ ਗੋਬਿੰਦ ਸਿੰਘ ਜੀ ਦੇ ੧੭੦੮ ਈਸਵੀ ਵਿਚ ਜੋਤੀ ਜੋਤਿ ਸਮਾਉਣ ਤੋਂ ਬਾਅਦ ਸਿੱਖ ਮੱਤ ਦੇ ਵਿਰੋਧੀ ਅਦਾਰਿਆਂ ਨੇ ਲਿਖਵਾਏ।ਗੁਰੂ ਗ੍ਰੰਥ ਸਾਹਿਬ ਦੇ ਸਿੱਖਾਂ ਨੇ ਇਹਨਾਂ ਨੂੰ ਗੁਰਬਾਣੀ ਦੀ ਕਸਵੱਟੀ ਤੇ ਨਹੀਂ ਪਰਖਿਆ।ਉਸ ਦਾ ਫਾਇਦਾ ਉਠਾ ਕੇ ਵਿਰੋਧੀ ਤਾਕਤਾਂ ਸਿੱਖ ਧਰਮ ਨੂੰ ਹਿੰਦੂ ਧਰਮ ਵਿਚ ਰਲਾਉਣ ਵਿਚ ਸਫਲ ਹੋ ਰਹੇ ਹਨ।

ਨਿਰੋਲ ਗੁਰਬਾਣੀ ਤੇ ਸੱਚੇ ਸਿੱਖ ਮੱਤ ਨਾਲ ਪ੍ਰੇਮ ਕਰਨ ਵਾਲੇ ਵਿਚਾਰਵਾਨਾ ਪਾਸ ਬੇਨਤੀ ਹੈ ਕਿ ਉਹ ਇਹਨਾਂ ਝੂਠੀਆਂ ਸਿੱਖ ਮੱਤ ਵਿਰੋਧੀ ਪੁਸਤਕਾਂ ਦੀ ਖੋਜ ਗੁਰਬਾਣੀ ਦੀ ਕਸਵੱਟੀ ਤੇ ਲਗਾ ਕੇ ਕਰਨ ਤੇ ਨਿਰਣੇ ਸਿੱਖ ਪੰਥ ਤੇ ਹਿੰਦੂ ਭਰਾਵਾਂ ਦੇ ਸਾਹਮਣੇ, ਪੁਸਤਕਾਂ ਲੇਖਾਂ ਤੇ ਮੀਡਿਆ ਰਾਹੀਂ ਪੇਸ਼ ਕਰਨ।ਸਾਡਾ ਫਰਜ਼ ਹੈ ਕਿ ਅਸੀਂ ਵਿਰੋਧੀ ਤਾਕਤਾਂ ਦੇ ਨਾਪਾਕ ਮਨਸੂਬਿਆਂ ਨੂੰ ਸਚਾਈ ਦੇ ਆਧਾਰ ਤੇ ਪਛਾੜੀਏ।

ਦਾਸ ਨੇ ਆਪਣੀ ਖੋਜ ਮੁਤਾਬਕ ਇੱਕ ਲੇਖ ਵਿਚ ਸਿੱਖੀ ਵਿਰੋਧੀ ਝੂਠੇ ਇਤਿਹਾਸ ਦੀਆਂ ਵਿਚਾਰਾਂ ਕੀਤੀਆਂ ਸਨ।ਉਸ ਲੇਖ ਦੀ ਕਾਪੀ ਸੰਲਗਨ ਹੈ। ਹੋਰ ਵਿਦਵਾਨਾਂ ਦੀਆਂ ਵਿਚਾਰਾਂ ਤੇ ਦਾਸ ਦੀਆਂ ਵਿਚਾਰਾਂ ਦਾ ਮੂਲਾਂਕਣ ਕਰਨ ਲਈ ਅਸੀਂ ਇੱਕ ਮੀਟਿੰਗ ਦਾ ਆਯੋਜਨ ਪ੍ਰੋਫੈਸਰ ਦਰਸ਼ਨ ਸਿੰਘ ਜੀ ਦੀ ਅਗਵਾਈ ਹੇਠ ਕਰ ਸਕਦੇ ਹਾਂ।

ਜੋ ਗੁਰਸਿੱਖ ਸਾਡੇ ਵਿਚਾਰਾਂ ਨਾਲ ਸਹਿਮਤ ਹੋ ਜਾਣ ਉਹਨਾਂ ਦੀ ਫਹਿਰਿਸਤ ਅਸੀਂ ਬਨਾ ਸਕਦੇ ਹਾਂ ਤੇ ਨਵੀਨ ਸਿੱਖ ਸੰਸਥਾਂਵਾਂ ਤੇ ਗੁਰਦੁਆਰੇ ਬਣਾ ਸਕਦੇ ਹਾਂ ਜਿੱਥੇ ਨਿਰੋਲ ਗੁਰਬਾਣੀ ਤੇ ਆਧਾਰਿਤ ਰਹਿਤ ਮਰਯਾਦਾ ਦੀ ਵਰਤੋਂ ਕਰਕੇ ਗੁਰਸਿੱਖ ਗ੍ਰਹਿਸਤੀ ਰਹਿੰਦਿਆ, ਗੁਰਬਾਣੀ ਤੋਂ ਸੁਖੀ ਜੀਵਨ ਜਾਚ ਸਿੱਖਣ ਤੇ ਗੁਰਮਤਿ ਭਗਤੀ ਕਰ ਕੇ ਪ੍ਰਭੂ ਮਿਲਾਪ ਦਾ ਮਨੋਰਥ ਪੂਰਾ ਕਰ ਸਕਣਗੇ।

ਦਾਸ ਗੁਰਮੁਖ ਸਿੰਘ
B-6/58 Safdarjung Enclave, New Delhi 110029
Landline Phone 26102376